بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.09.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## 'ਇਕ ਹੀਰਾ ਸੀ ਜੋ ਸਾਡੇ ਕੋਲੋਂ ਅੱਡ ਹੋ ਗਿਆ ਹੈ'
## ਪਿਆਰੇ ਸਯੱਦ ਤਾਲੇਅ ਅਹਮਦ ਸ਼ਹੀਦ ਦੇ ਨਿਖੜਵੇਂ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਸਤੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਦਿਨੀ ਸਾਡੇ ਇਕ ਬਹੁਤ ਹੀ ਪਿਆਰੇ ਬੱਚੇ ਅਤੇ ਵਾਕਫ਼ੇ ਜ਼ਿੰਦਗੀ (ਜੀਵਨ ਸਮਰਪਣ ਕਰਨ ਵਾਲਾ) ਸਯੱਦ ਤਾਲੇਅ ਅਹਮਦ ਸਪੁਤੱਰ ਸਯੱਦ ਹਾਸ਼ਮ ਅਕਬਰ ਦੀ ਘਾਨਾ ਵਿੱਚ ਸ਼ਹੀਦੀ ਹੋਈ । । 23–24 ਦੀ ਵਿਚਕਾਰਲੀ ਰਾਤ ਐਮ ਟੀ ਏ ਦੀ ਤਿੰਦ ਰੁਕਨੀ ਟੀਮ ਘਾਨਾ ਦੇ ਨਾਰਦਨ ਰੀਜਨ ਵਿੱਚ ਰਿਕਾਰਡਿੰਗ ਕਰਕੇ ਕਮਾਸੀ ਆ ਰਹੀ ਸੀ ਕਿ ਰਸਤੇ ਵਿੱਚ ਸਵਾ ਸੱਤ ਵਜੇ ਦੇ ਲਗਭਗ ਡਾਕੂਆਂ ਦੀ ਫ਼ਾਇਰਿੰਗ ਨਾਲ ਸਯੱਦ ਤਾਲੇ ਅਹਮਦ ਅਤੇ ਉਮਰ ਫ਼ਾਰੂਕ ਜ਼ਖ਼ਮੀ ਹੋ ਗਏ ।

ਸਯੱਦ ਤਾਲੇ ਅਹਮਦ ਸਨਮਾਨ ਯੋਗ ਅਮਤੁਲ ਲਤੀਫ਼ ਬੇਗ਼ਮ ਸਾਹਿਬਾ ਅਤੇ ਸਯੱਦ ਮੀਰ ਮੁਹਮੱਦ ਅਹਮਦ ਸਾਹਬ ਦੇ ਨਵਾਸੇ, ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਦੇ ਪੜਨਵਾਸੇ ਅਤੇ ਹਜ਼ਰਤ ਡਾਕਟਰ ਮੀਰ ਮੁਹਮੱਦ ਇਸਮਾਈਲ ਸਾਹਬ ਦੇ ਪੜਪੋਤੇ ਸਨ । ਹਜ਼ਰਤ ਮੀਰ ਮੁਹਮੱਦ ਇਸਮਾਈਲ ਸਾਹਬ ਰਜ਼ੀ ਅਲੱਾਹੁ ਅਨਹੁ ਹਜ਼ਰਤ ਅਮੱਾਂਜਾਨ ਰਜ਼ੀ ਅਲੱਾਹੁ ਅਨਹਾ ਦੇ ਛੋਟੇ ਭਰਾ ਸਨ ਇਸ ਪੱਖੋਂ ਇਹਨਾ ਦੀ ਕੜੀ ਹਜ਼ਰਤ ਅਮੱਾਂਜਾਨ ਨਾਲ ਮਿਲਦੀ ਹੈ ਅਤੇ ਫਿਰ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਕਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਰਿਸ਼ਤਾ ਕਾਇਮ ਹੁੰਦਾ ਹੈ । ਮਰਹੂਮ ਮਿਰਜ਼ਾ ਗ਼ੁਲਾਮ ਕਾਦਰ ਸ਼ਹੀਦ ਸਾਹਬ ਦੇ ਜਵਾਈ ਵੀ ਸਨ । ਰੱਬ ਦੀ ਅਪਾਰ ਕਿਰਪਾ ਨਾਲ ਮੂਸੀ ਸਨ ਅਤੇ ਵਕਫ਼ੇ ਨਓ ਦੀ ਤਹਿਰੀਕ ਵਿੱਚ ਸ਼ਾਮਲ ਸਨ ।

ਇਹਨਾ ਨੇ ਬਾਇਓ ਮੈਡੀਕਲ ਸਾਈਂਸ ਵਿੱਚ ਡਿਗਰੀ ਹਾਸਲ ਕਰਨ ਦੇ ਬਾਦ ਜਰਨਲਿਜ਼ਮ ਵਿੱਚ ਮਾਸਟਰਜ਼ ਕੀਤਾ ਸੀ । 2013 ਵਿੱਚ ਜ਼ਿੰਦਗੀ ਵਕਫ਼ ਕੀਤੀ ਅਤੇ ਵੱਖ ਵੱਖ ਦਫ਼ਤਰਾਂ ਵਿੱਚ ਕੰਮ ਕਰਨ ਦੇ ਬਾਦ 2016 ਈ. ਵਿੱਚ ਐਮ.ਟੀ.ਏ. ਨਿਊਜ਼ ਵਿੱਚ ਪੂਰੇ ਸਮੇਂ ਦੀ ਨਿਯੁਕਤੀ ਹੋਈ ਜਿੱਥੇ ਇਹਨਾ ਦੇ ਦਸਤਾਵੀਜ਼ੀ ਫ਼ਿਲਮਾ ਬਣਾਈਆਂ ਅਤੇ ਸਪਤਾਹਿਕ ਪ੍ਰੋਗਰਾਮ This week with Huzur ਦੀ ਤਾਂ ਇਹਨਾ ਨੇ ਹੀ ਰੀਤ ਪਾਈ ਸੀ । ਆਪਣੀ ਲੋਕਲ ਜਮਾਤ ਅਤੇ ਫਿਰ ਖ਼ੁਦੱਾਮੁਲ ਅਹਮਦੀਆ ਹੇਠ ਵੀ ਸੇਵਾ ਕਰਨ ਦਾ ਮੌਕਾ ਮਿਲਿਆ ।

ਪਿਆਰੇ ਤਾਲੇਅ ਅਹਮਦ ਨੂੰ ਆਪਣੀ ਯੋਗਤਾ ਅਨੁਸਾਰ ਆਪਣੇ ਕੰਮ ਮੁਕਾਉਂਣ ਦਾ ਅਸਾਧਾਰਣ ਜੋਸ਼ ਸੀ ਜਿਸ ਲਈ ਉਹ ਕਿਸੇ ਵੀ ਖ਼ਤਰੇ ਦੀ ਪਰਵਾਹ ਨਹੀਂ ਕਰਦਾ ਸੀ । ਇਹਨਾ ਦੀ ਸ਼ਹੀਦੀ ਦੀ ਘਟਨਾ ਤੋਂ ਇਹੋ ਪ੍ਰਕਟ ਹੁੰਦਾ ਹੈ । ਟਮਾਲੇ ਦੇ ਜ਼ੋਨਲ ਮਿਸ਼ਨਰੀ ਅਨੁਸਾਰ ਇਹਨਾ ਨੂੰ ਰਾਤ ਨੂੰ ਸਫ਼ਰ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਗਈ ਸੀ, ਪਰ ਇਹਨਾ ਨੇ ਸਮੇਂ ਦੀ ਘਾਟ ਅਤੇ ਅਨੇਕਾ ਕੰਮਾ ਕਰਕੇ ਇਹੋ ਉਚਿਤ ਸਮਝਿਆ । ਜਮਾਤੀ ਸਮਾਨ ਤੇ ਸਮੇਂ ਦੀ ਐਨ੍ਹੀ ਕਦਰ ਸੀ ਕਿ ਰਸਤੇ ਵਿੱਚ ਵੀ ਲੈਪਟਾਪ’ਤੇ ਆਪਣਾ ਕੰਮ ਕਰ ਰਹੇ ਸਨ ਕਿ Mpaha ਜੰਕਸ਼ਨ ਨੇੜੇ ਡਾਕੂਆਂ ਨੇ ਗੱਡੀ’ਤੇ ਫ਼ਾਇਰਿੰਗ ਕਰ ਦਿੱਤੀ । ਆਪਦੇ ਲੱਕ ਵਿੱਚ ਗੋਲੀ ਲੱਗੀ ਅਤੇ ਰਕਤ ਬਹੁਤ ਵੱਗ ਗਿਆ । ਪਹਿਲਾਂ ਪੋਲੀ ਕਿਲੀਨਿਕ ਵਿੱਚ ਇਹਨਾ ਦੀ ਮੈਡੀਕਲ ਟ੍ਰੀਟਮੈਂਟ ਹੋਈ ਅਤੇ ਫਿਰ ਟਮਾਲੇ ਟੀਚਿੰਗ ਹਸਪਤਾਲ ਜਾਂਦਿਆਂ ਹੋਇਆਂ ਰਾਸਤੇ ਵਿੱਚ ਘਟਨਾ ਤੋਂ ਲਗਭਗ ਸਾਢੇ ਚਾਰ ਘੰਟੇ ਬਾਦ ਇਹਨਾਂ ਦਾ ਦੇਹਾਂਤ ਹੋ ਗਿਆ ।

ਉਮਰ ਫ਼ਾਰੂਕ ਸਾਹਬ ਕਹਿੰਦੇ ਹਨ ਕਿ ਤਾਲੇਅ ਦਾ ਸਿਰ ਮੇਰੇ ਪੱਟ’ਤੇ ਸੀ ਅਤੇ ਉਹ ਵਾਰ ਵਾਰ ਮੈਂਥੋਂ ਇਹੋ ਪੁਛਦੇ ਸਨ ਕਿ ਕੀ ਸਾਡੀ ਇਸ ਘਟਨਾ ਦੀ ਸੂਚਨਾ ਹਜ਼ੂਰ ਨੂੰ ਹੋ ਗਈ ਹੈ । ਰਕਤ ਵਗਣ ਕਰਕੇ ਅਤੇ ਅਤਿਅੰਤ ਕਸ਼ਟ ਦੇ ਹੁੰਦਿਆਂ ਹੋਇਆਂ ਵੀ ਹਸਪਤਾਲ ਜਾਂਦਿਆਂ ਹੋਇਆਂ ਉਹਨਾ ਨੇ ਆਪਣੀ ਸਾਥੀਆਂ ਨੂੰ ਦੱਸਿਆ ਕਿ ਫ਼ਾਇਰਿੰਗ ਸਮੇਂ ਮੈਂ ਆਪਣਾ ਲੈਪਟਾਪ ਤੇ ਹੋਰ ਬਹੁਮੁੱਲ ਸਮਾਨ ਗੱਡੀ ਦੀ ਪਿਛਲੀ ਸੀਟਾਂ ਹੇਠ ਧੱਕ ਦਿਤੱਾ ਹੈ, ਉੱਥੇ ਸੁਰੱਖਿਅਤ ਹਨ ਕੱਢ ਲੈਂਣਾ । ਐਨ੍ਹਾ ਜ਼ਖ਼ਮੀ ਹੁੰਦਿਆਂ ਹੋਇਆਂ ਵੀ ਜਮਾਤੀ ਮਾਲ ਤੇ ਇਤਿਹਾਸ ਦੇ ਸੁਰੱਖਿਅਤ ਹੋਣ ਦੀ ਚਿੰਤਾ ਸੀ । ਉਮਰ ਫ਼ਾਰੂਕ ਸਾਹਬ ਕਹਿੰਦੇ ਹਨ ਕਿ ਰਸਤੇ ਵਿੱਚ ਵਾਰ ਵਾਰ ਮੈਂਨੂੰ ਕਹਿੰਦੇ ਕਿ :

Tell Huzur that I love him and tell my family that I love them.

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਕ ਹੀਰਾ ਸੀ ਜੋ ਸਾਡੇ ਕੋਲੋਂ ਅੱਡ ਹੋ ਗਿਆ, ਰੱਬ ਜਮਾਤ ਨੂੰ ਖ਼ਿਲਾਫ਼ਤ ਨਾਲ ਵਫ਼ਾਦਾਰੀ ਕਰਨ ਵਾਲੇ ਤੇ ਦੀਨ ਨੂੰ ਪਹਿਲ ਦੇਣ ਵਾਲੇ ਪ੍ਰਦਾਨ ਕਰਦਾ ਰਹੇ ਪਰੰਤੂ ਨੁਕਸਾਨ ਅਜਿਹਾ ਹੈ ਕਿ ਜਿਸ ਨੇ ਹਿਲਾਕੇ ਰੱਖ ਦਿਤੱਾ ਹੈ । ਉਹ ਵਕਫ਼ ਦੀ ਆਤਮਾ ਨੂੰ ਸਮਝਣ ਵਾਲਾ ਅਤੇ ਆਪਣੇ ਅਹਿਦ ਨੂੰ ਵਾਸਤਵਿਕ ਰੂਪ ਵਿੱਚ ਨਿਭਾਉਂਣ ਵਾਲਾ ਤੇ ਪਿਆਰਾ ਵੁਜੂਦ ਸੀ । ਇਸਨੂੰ ਦੇਖਕੇ ਮੈਂਨੂੰ ਹੈਰਾਨੀ ਹੋਈ ਤੇ ਹੁਣ ਤੱਕ ਹੁੰਦੀ ਹੈ ਕਿ ਇਸ ਦੁਨੀਆਵੀ ਵਾਤਾਵਰਣ ਵਿੱਚ ਪਲਣ ਵਾਲੇ ਬੱਚੇ ਨੇ ਆਪਣੇ ਵਕਫ਼ ਨੂੰ ਸਮਝਿਆ, ਉਸਨੂੰ ਨਿਭਾਇਆ ਅਤੇ ਫਿਰ ਉਸਨੂੰ ਅਥਾਹ ਸੀਮਾ ਤੱਕ ਪਹੁੰਚਾ ਦਿਤੱਾ। ਉਹ ਬਜ਼ੁਰਗਾਂ ਦੀਆਂ ਘਟਨਾਵਾਂ ਪੜ੍ਹਦਾ ਤਾਂ ਜੋ ਉਹਨਾਂ ਨੂੰ ਆਪਣੇ ਜੀਵਨ ਦਾ ਅੰਗ ਬਣਾਏ । ਖ਼ਿਲਾਫ਼ਤ ਨਾਲ ਵਫ਼ਾਦਾਰੀ ਅਤੇ ਨੇਕੀ ਦਾ ਅਜਿਹਾ ਅਨੁਸਰਣ ਧਰਮ ਦਾ ਡੂੰਘਾ ਗਿਆਨ ਰਖੱਣ ਵਾਲੇ ਵੀ ਨਹੀਂ ਸਮਝਦੇ । ਉਸਨੇ ਖ਼ਿਲਾਫ਼ਤ ਨਾਲ ਵਫ਼ਾਦਾਰੀ ਕੀਤੀ ਅਤੇ ਅਜਿਹੀ ਵਫ਼ਾਦਾਰੀ ਕੀਤੀ ਕਿ ਆਪਣੇ ਅੰਤਮ ਸ਼ਬਦਾਂ ਵਿੱਚ ਜੱਦ ਕਿ ਮੌਤ ਤੇ ਜੀਵਨ ਦੀ ਅਵਸਥਾ ਵਿੱਚ ਸੀ ਉਸਨੂੰ ਸਮੇਂ ਦੇ ਖ਼ਲੀਫ਼ਾ ਨਾਲ ਪਿਆਰ ਤੇ ਵਫ਼ਾ ਦਾ ਹੀ ਵਿਚਾਰ ਸੀ । ਆਪਣੇ ਬੱਚਿਆਂ ਅਤੇ ਆਪਣੀ ਪਰਿਵਾਰ ਦਾ ਸਾਰਿਆਂ ਨੂੰ ਵਿਚਾਰ ਆਉਂਦਾ ਹੈ ਪਰ ਹਰ ਵਾਰ, ਵਾਰ ਵਾਰ ਆਪਣੇ ਬੱਚਿਆਂ ਨਾਲ, ਫ਼ੈਮਲੀ ਨਾਲ ਪਹਿਲਾਂ ਜਾਂ ਨਾਲ ਸਮੇਂ ਦੇ ਖ਼ਲੀਫ਼ਾ ਨਾਲ ਪਿਆਰ ਦਾ ਪ੍ਰਗਟਾਵਾ ਸ਼ਾਇਦ ਹੀ ਕਸੇ ਨੂੰ ਵਿਚਾਰ ਆਉਂਦਾ ਹੋਵੇ । ਸੰਭਵਤਾ ਦੋ ਤਿੰਨ ਸਾਲ ਪਹਿਲਾਂ ਉਸਨੇ ਖ਼ਿਲਾਫ਼ ਨਾਲ ਸੰਬੰਧ ਤੇ ਪਿਆਰ ਦੇ ਪ੍ਰਗਟਾਵੇ’ਤੇ ਅਧਾਰਤ ਇਕ ਕਵਿਤਾ ਲਿਖੀ ਸੀ । ਜੋ ਉਸਨੇ ਆਪਣੇ ਇਕ ਮਿਤੱਰ ਨੂੰ ਦਿੱਤੀ ਅਤੇ ਕਿਹਾ ਕਿ ਆਪਣੇ ਕੋਲ ਰੱਖ ਅਤੇ ਕਿਸੇ ਨੂੰ ਦਿਖਾਉਣੀ ਨਹੀਂ ਹੈ । ਉਸ ਕਵਿਤਾ ਦਾ ਅਰੰਭ ਇਸ ਪ੍ਰਕਾਰ ਕੀਤਾ ਹੈ ਕਿ ਮੈਂ ਖ਼ਲੀਫ਼ਾ ਨਾਲ ਸਭ ਤੋਂ ਵੱਧ ਪਿਆਰ ਕਰਦਾ ਹਾਂ ਅਤੇ ਅੰਤ ਇਉਂ ਕੀਤਾ ਹੈ ਕਿ ਸਮੇਂ ਦੇ ਖ਼ਲੀਫ਼ਾ ਨਾਲ ਜੋ ਮੈਂਨੂੰ ਪਿਆਰ ਤੇ ਸਨੇਹ ਹੈ ਉਹ ਉਹਨਾ ਨੂੰ ਕਦੇ ਪਤਾ ਨਹੀਂ ਲੱਗੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹੇ ਪਿਆਰੇ ਤਾਲੇਅ ! ਤੁਹਾਡੇ ਇਹਨਾ ਅੰਤਮ ਸ਼ਬਦਾਂ ਤੋਂ ਪਹਿਲਾਂ ਵੀ ਮੈਨੂੰ ਪਤਾ ਸੀ, ਤੁਹਾਡੇ ਹਰ ਕਰਮ, ਹਰ ਕਿਰਿਆ ਤੇ ਠਹਿਰਾਉ, ਤੁਹਾਡੀਆਂ ਅਖੱਾਂ ਦੀ ਚਮਕ ਅਤੇ ਚਿਹਰੇ ਦੀ ਨਿਰਾਲੀ ਖਿੱਚ ਤੇ ਰੌਣਕ ਤੋਂ ਉਸ ਪ੍ਰੇਮ ਦਾ ਪ੍ਰਗਟਾ ਹੁੰਦਾ ਸੀ । ਮੈਂਨੂੰ ਸ਼ਾਇਦ ਹੀ ਕਿਸੇ ਵਿੱਚ ਇਸ ਪ੍ਰੇਮ ਦਾ ਪ੍ਰਗਟਾ ਦਿਖਾਈ ਦਿੰਦਾ ਹੋਵੇ ।

ਉਸਨੂੰ ਆਪਣੇ ਕੰਮ ਨਾਲ ਜੇਕਰ ਲਗਾਉ ਸੀ ਤਾਂ ਇਸ ਲਈ ਤਾਂ ਜੋ ਇਸਲਾਮ ਅਤੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਧਰਮ ਦਾ ਬਚਾਉ ਕਰ ਸਕੇ । ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਦੀ ਤਦਫ਼ੀਨ ਸਮੇਂ ਮੇਰੇ ਸੱਜੇ ਆਣ ਖੜਾ ਹੋਇਆ, ਮੈਂ ਨਹੀਂ ਜਾਣਦਾ ਸੀ ਕਿ ਕੌਣ ਖੜਾ ਹੈ । ਇਸ ਮੌਕੇ ਉਸ ਤੇਰ੍ਹਾਂ ਸਾਲਾ ਲੜਕੇ ਨੇ ਸ਼ਾਇਦ ਇਹ ਪ੍ਰਣ ਕੀਤਾ ਸੀ ਕਿ ਮੈਂ ਸਮੇਂ ਦੇ ਖ਼ਲੀਫ਼ਾ ਦਾ ਸਹਾਇਕ ਬਣਨਾ ਹੈ । ਉਸ ਨੇ ਸਿੱਖਿਆ ਪੂਰੀ ਕੀਤੀ ਅਤੇ ਅਤੇ ਸਾਲਾ ਮਗਰੋਂ ਇਸ ਪ੍ਰਣ ਨੂੰ ਨਿਭਾਇਆ ਅਤੇ ਸ਼ਹੀਦ ਹੋਕੇ ਦੱਸ ਗਿਆ ਕਿ ਮੈਂ ਖ਼ਿਲਫ਼ਤ ਦਾ ਹਕੀਕੀ ਸਹਾਇਕ ਹਾਂ ।

ਹੇ ਪਿਆਰੇ ਤਾਲੇਅ ! ਮੈਂ ਗਵਾਹੀ ਦਿੰਦਾ ਹਾਂ ਕਿ ਨਿਸਚੇ ਹੀ ਤੁਸੀਂ ਆਪਣੇ ਵਕਫ਼ ਅਤੇ ਅਤੇ ਅਹਿਦ ਦਾ ਉਤੱਮ ਮਿਆਰ ਨੂੰ ਹਾਸਲ ਕਰ ਲਿਆ । ਉਹ ਸਮੇਂ ਦੇ ਖ਼ਲੀਫ਼ਾ ਦੇ ਸ਼ਬਦਾਂ'ਤੇ ਅਮਲ ਕਰਨ ਦਾ ਕਿਵੇਂ ਕਿਵੇਂ ਜਤਨ ਕਰਦਾ ਸੀ ਉਸਦਾ ਅਨੁਭਵ ਇਸ ਤੋਂ ਹੁੰਦਾ ਹੈ ਕਿ ਮੁਰੱਬੀਆਂ ਨਾਲ ਕਈ ਮੀਟਿੰਗਾ ਵਿੱਚ ਮੈਂ ਕਿਹਾ ਸੀ ਕਿ ਮੁਰੱਬੀਆਂ ਨੂੰ ਲਗਭਗ ਇਕ ਘੰਟੇ ਨਮਾਜ਼ ਤਹਜੁੱਦ ਪੜ੍ਹਨ ਦਾ ਜਤਨ ਕਰਨਾ ਚਾਹੀਦਾ ਹੈ । ਪਿਆਰੇ ਤਾਲੇਅ ਨੇ ਇਸ'ਤੇ ਅਮਲ ਕਰਨ ਦਾ ਜਤਨ ਕੀਤਾ ।

ਉਹ ਖ਼ਾਨਦਾਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਵਿਅਕਤੀ ਹੋਣ ਪੱਖੋਂ ਵੀ ਪਰਿਵਾਰ ਦੇ ਲੋਕਾਂ ਲਈ ਵੀ ਵਫ਼ਾਦਾਰੀ ਤੇ ਨੇਕੀ ਦਾ ਇਕ ਨਮੂਨਾ ਕਾਇਮ ਕਰ ਗਿਆ ਹੈ । ਉਹ ਵਾਕਫ਼ੀਨਿ ਜ਼ਿੰਦਗੀ (ਜੀਵਨ ਸਮਰਪਣ ਕਰਨ ਵਾਲਿਆਂ) ਲਈ ਵੀ ਹੈਰਾਨੀ ਭਰਪੂਰ ਨਮੂਨਾ ਸੀ । ਉਸ ਨੇ ਆਰਥਕ ਤੰਗੀ ਜਾਂ ਅਲਾਉਂਸ ਥੋੜਾ ਹੋਣ ਦਾ ਕਦੇ ਵੀ ਸ਼ਿਕਵਾ ਨਹੀਂ ਕੀਤਾ । ਉਹ ਰੱਬ ਤੋਂ ਇਹੋ ਦੁਆ ਕਰਦਾ ਕਿ ਹੇ ਅਲੱਾਹ ! ਮੈਂਨੂੰ ਤੰਗੀ ਨ ਦੇਣਾ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੈਂ ਇਸ ਵਫ਼ਾ ਨੂੰ ਤਾਂ ਕੁਝ ਹੱਦ ਤੱਕ ਜਾਣਦਾ ਸੀ ਪਰ ਉਸਦੀ ਨੇਕੀ ਤੇ ਸੰਜਮਤਾ ਦਾ ਮਿਆਰ ਬਹੁਤ ਬੁਲੰਦ ਸੀ ।

ਆਮਿਰ ਸਫ਼ੀਰ ਸਾਹਬ ਕਹਿੰਦੇ ਹਨ ਕਿ ਮੈਂ ਆਪਣੀਆਂ ਅਖੱਾਂ ਨਾਲ ਦੇਖਿਆ ਕਿ ਤਾਲੇਅ ਬਹੁਤ ਸਾਰੀਆਂ ਖ਼ੂਬੀਆਂ ਦਾ ਮਾਲਕ ਸੀ । ਉਹ ਕਿਸੇ ਪ੍ਰਾਜੈਕਟ'ਤੇ ਜ਼ੀਰੋ ਤੋਂ ਕੰਮ ਕਰਦੇ ਅਤੇ ਉਸਨੂੰ ਸਨਮਾਨ ਯੋਗ ਚੀਜ਼ ਬਣਾ ਦਿੰਦੇ । ਕੁਦੂਸ ਆਰਫ਼ ਸਾਹਬ ਸਦਰ ਖ਼ੁਦੱਾਮੁਲ ਅਹਮਦੀਆ ਯੂਕੇ ਕਹਿੰਦੇ ਹਨ ਕਿ ਮੇਰਾ ਬਚਪਨੇ ਤੋਂ ਉਸ ਨਾਲ ਸੰਬੰਧ ਸੀ । ਉਸਨੇ ਹਜ਼ਰਤ ਮਲਕ ਗ਼ੁਲਾਮ ਫ਼ਰੀਦ ਸਾਹਬ ਦੀ ਸ਼ਾਰਟ ਕਮਿੰਟਰੀ ਅਤੇ ਫ਼ਾਈਵ ਵਾਲੀਯਮ ਕਮਿੰਟਰੀ ਬਹੁਤ ਵਿਸਥਾਰ ਨਾਲ ਪੜ੍ਹੀ ਹੋਈ ਸੀ । ਪਤਨੀ ਸਤਵਤ ਸਾਹਿਬਾ ਕਹਿੰਦੀ ਹਨ ਕਿ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨਾਲ ਐਨ੍ਹਾ ਪਿਆਰ ਸੀ ਕਿ ਆਪ ਦੇ ਜ਼ਿਕਰ'ਤੇ ਬੱਚਿਆਂ ਵਾਂਗ ਰੋਂਦਾ ਸੀ । ਪੁਤੱਰ ਤਲਾਲ ਨੂੰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀਆਂ ਕਹਾਣੀਆਂ ਸੁਣਾਉਂਦਾ ਤਾਂ ਹਿਟਕੀਆਂ ਲੈ ਲੈਕੇ ਰੋਂਦਾ । ਪੁਤੱਰ ਕ੍ਰਿਸਚੀਅਨ ਸਕੂਲ ਵਿੱਚ ਪੜ੍ਹਦਾ ਸੀ ਤਾਂ ਉਸਨੂੰ ਸਕੂਲ ਲੈ ਜਾਂਦੇ ਸਮੇਂ ਸੂਰਤ ਅਖ਼ਲਾਸ ਦਹੁਰਾਉਂਦਾ ਜਾਂਦਾ ਸੀ । ਕਦੇ ਇਹ ਵਿਚਾਰ ਆਉਦਾ ਕਿ ਸਮੇਂ ਦੇ ਖ਼ਲੀਫ਼ਾ ਨੂੰ ਕੋਈ ਗੱਲ ਨਾਪਸੰਦ ਲੱਗੀ ਹੈ ਕਿ ਤਹਜੁੱਦ ਵਿੱਚ ਵਿਲਕੀਆਂ ਲੈ ਲੈਕੇ ਰੱਬ ਤੋਂ ਮੁਆਫ਼ੀਆਂ ਮੰਗਿਆ ਕਰਦਾ ਸੀ । ਰੱਬ'ਤੇ ਅਸਾਧਾਰਣ ਭਰੋਸਾ ਸੀ ਅਤੇ ਰੱਬ ਉਸ ਦੀਆਂ ਲੋੜਾਂ ਪੂਰੀਆਂ ਕਰਦਾ ਸੀ ।

ਸ਼ਹੀਦ ਦੇ ਪਿਤਾ ਲਿਖੱਦੇ ਹਨ ਕਿ ਅਲਹਮਦੁਲਿਲੱਾਹ ! ਰੱਬ ਨੇ ਸਾਡੇ ਪੁਤੱਰ ਨੂੰ ਸ਼ਹੀਦੀ ਲਈ ਚੁਣ ਲਿਆ । ਉਸ ਦੀ ਆਤਮਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਵਿੱਚ ਚੌਦਾਂ ਸੌ ਸਾਲ ਪਹਿਲਾਂ ਦੇ ਮੱਕੇ ਅਤੇ ਮਦੀਨੇ ਦੀਆਂ ਗਲੀਆਂ ਵਿੱਚ ਫ਼ਿਰਦੀ ਸੀ ਅਤੇ ਉਸਦਾ ਸ਼ਰੀਰ ਇਸ ਇਸ਼ਕ ਨਾਲ ਭਰਪੂਰ ਸੀ । ਸ਼ਹੀਦ ਮਰਹੂਮ ਦੀ ਮਾਤਾ ਕਹਿੰਦੀ ਹਨ ਕਿ ਪੁਤੱਰ ਦੇ ਅਕਾਲ ਚਲਾਣੇ ਤੋਂ ਬਾਦ ਮੈਂਨੂੰ ਇਸ ਗੱਲ ਦਾ ਬਹੁਤਾ ਅਨੁਭਵ ਹੋਇਆ ਹੈ ਕਿ ਉਸ ਨੂੰ ਆਪ ਨਾਲ ਕਿੰਨ੍ਹਾ ਪ੍ਰੇਮ ਸੀ । ਮਰਹੂਮ ਦੀ ਭੈਣ ਨੁਦਰਤ ਸਾਹਿਬਾ ਕਹਿੰਦੀ ਹਨ ਕਿ ਤਾਲੇਅ ਦਾ ਧਾਰਮਕ ਗਿਆਨ ਬਹੁਤ ਵਿਸ਼ਾਲ ਸੀ, ਹਦੀਸਾਂ ਦਾ

ਡੂੰਘਾ ਅਧਿਐਨ ਸੀ । ਅਰਬੀ ਭਾਸ਼ਾ ਅਤੇ ਉਸ ਦੀ ਗਰਾਮਰ ਵਿੱਚ ਪਕੜ ਪੈਦਾ ਕਰਨ ਦਾ ਜਤਨ ਕਰਦਾ । ਉਸ ਨੇ ਸਾਰੀਆਂ ਬੌਧਕ ਯੋਗਤਾਵਾਂ ਨੂੰ ਰੱਬ ਦੀ ਨੇੜਤਾ ਤੇ ਜਮਾਤ ਦੀ ਸੇਵਾ ਲਈ ਵਰਤਿਆ । ਤਾਲੇਅ ਨੇ ਸ਼ਹੀਦੀ ਬਾਰੇ ਸੁਪਨਾ ਵੀ ਦੇਖਿਆ ਸੀ ਕਿ ਉਸ ਨੇ ਖ਼ੁਦੱਾਮੁਲ ਅਹਮਦੀਆ ਦੇ ਕਪੜੇ ਪਾਏ ਹੋਏ ਹਨ ਅਤੇ ਝੰਡਾ ਚੁੱਕੇ ਹੋਏ ਸਵਰਗ ਵਿੱਚ ਦਾਖ਼ਲ ਹੋ ਰਿਹਾ ਹੈ ਅਤੇ ਹਰ ਕੋਈ ਉਸ ਨੂੰ ਉਸਦੇ ਸਹੁਰੇ ਦੇ ਨਾਂ ਨਾਲ ਪੁਕਾਰ ਰਿਹਾ ਹੈ ਕਿ ਮਿਰਜ਼ਾ ਗ਼ੁਲਾਮ ਕਾਦਰ ਆ ਗਿਆ । ਉਹਨਾਂ ਦੀ ਛੋਟੀ ਭੈਣ ਕਹਿੰਦੀ ਹੈ ਕਿ ਬਹੁਤ ਚੰਗਾ ਰੋਲ ਮਾਡਲ ਸਨ । ਦਫ਼ਤਰ ਆਂਦੇ ਜਾਂਦੇ ਹਮੇਸ਼ਾ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੇ ਦਰਸੁਲ ਕੁਰਆਨ ਸੁਣਦੇ ਰਹਿੰਦੇ । ਆਬਦ ਵਹੀਦ ਸਾਹਬ ਕਹਿੰਦੇ ਹਨ ਕਿ ਅਧਿਕਤਰ ਮੈਂ ਦਸਤਾਵੀਜ਼ੀ ਫ਼ਿਲਮਾ ਦੀ ਤਿਆਰ ਸਮੇਂ ਉਸਨੂੰ ਅਠ੍ਹਰਾਂ ਉਨ੍ਹੀ ਘੰਟੇ ਕੰਮ ਕਰਦਿਆਂ ਦੇਖਿਆ ਹੈ । ਮਿਰਜ਼ਾ ਤਲਹਾ ਅਹਮਦ ਸਾਹਬ ਕਹਿੰਦੇ ਹਨ ਕਿ ਤਾਲੇਅ ਨੂੰ ਸਿਕ੍ਰਪਟ ਰਾਈਟਿੰਗ ਅਤੇ ਸਟੋਰੀ ਟੈਲਿੰਗ ਵਿੱਚ ਮਹਾਰਤ ਹਾਸਲ ਸੀ । ਨਸੀਮ ਬਾਜਵਾ ਸਾਹਬ ਕਹਿੰਦੇ ਹਨ ਕਿ ਮੈਂ ਮੁਬੱਲਗ਼ ਦੇ ਰੂਪ ਵਿੱਚ ਉਸਨੂੰ ਬੱਚੇ ਦੇ ਰੂਪ ਵਿੱਚ ਦੇਖਿਆ, ਉਹ ਸਮੇਂ ਦਾ ਪਾਬੰਦ, ਸ਼ਾਂਤ, ਜ਼ਹੀਨ, ਧਾਰਮਕ ਗਿਆਨ ਦਾ ਸ਼ੌਕ ਰਖੱਣ ਵਾਲਾ, ਆਗਿਆਕਾਰ, ਮਹਿਮਾਨ ਨਵਾਜ਼, ਜ਼ਿਕਰੇ ਇਲਾਹੀ, ਵੱਡਿਆ ਦਾ ਸਤਿਕਾਰ ਕਰਨ ਵਾਲਾ ਅਤੇ ਚਿੰਤਨ ਰਖੱਣ ਵਾਲਾ ਸੀ । ਮੁਰੱਬੀ ਸਿਲਸਿਲਾ ਨੌਸ਼ੇਰਵਾਂ ਰਸ਼ੀਦ ਸਾਹਬ ਕਹਿੰਦੇਹਨ ਕਿ ਮੈਂ ਤਾਲੇਅ ਭਾਈ ਨੂੰ ਤਿੰਨ ਸਾਲ ਦੇ ਸਮੇਂ ਵਿੱਚ ਬਕਾਇਦਗੀ ਨਾਲ ਵੀਰਵਾਰ ਦਾ ਰੋਜ਼ਾ ਰੱਖਦਿਆਂ ਹੋਇਆਂ ਦੇਖਿਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਤਾਲੇਅ ਸ਼ਹੀਦ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸ਼ਰੀਰਕ ਤੇ ਆਤਮਕ ਆਲ (ਸੰਤਾਨ) ਹੋਣ ਦਾ ਹੱਕ ਪੂਰਾ ਕਰ ਦਿਤੱਾ । ਉਹ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਬੰਸ ਵਿੱਚ ਸੀ ਅਤੇ ਰੱਬ ਨੇ ਉਸਨੂੰ ਮੁਹਰੱਮ ਦੇ ਮਹੀਨਿ ਵਿੱਚ ਕੁਰਬਾਨੀ ਲਈ ਚੁਣਿਆ । ਆਸ ਹੈ ਰੱਬ ਉਸ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਕਦਮਾਂ ਵਿੱਚ ਥਾਂ ਦਿੱਤੀ ਹੋਵੇਗੀ । ਕਿਸੇ ਨੇ ਸੁਪਨਾ ਵੀ ਦੇਖਿਆ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਇਕ ਥਾਂ ਖੜੇ ਹਨ ਅਤੇ ਤਾਲੇਅ ਦੌੜਦਾ ਹੋਇਆ ਜਾਕੇ ਆਪ ਨੂੰ ਲਿਪਟ ਜਾਂਦਾ ਹੈ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਵੀ ਉਸਨੂੰ ਚਿਮਟਾਕੇ ਕਹਿੰਦੇ ਹਨ ਕਿ ਆਓ ਮੇਰੇ ਪੁਤੱਰ ਜੀ ਆਇਆਂ ਨੂੰ ।

ਹਜ਼ੂਰ ਅਨਵਰ ਨੇ ਨਮਾਜ਼ ਜਨਾਜ਼ਾਹ ਹਾਜ਼ਰ ਪੜ੍ਹੇ ਜਾਣ ਦਾ ਨਿਰਦੇਸ਼ ਦਿੰਦਿਆਂ ਹੋਇਆਂ ਦੁਆ ਕੀਤੀ ਕਿ ਰੱਬ ਉਸਦੀ ਪਤਨੀ ਤੇ ਬੱਚਿਆਂ ਦਾ ਸੁਰੱਖਿਆਵਾਨ ਹੋਵੇ, ਮਾਂ ਬਾਪ ਭੈਣ ਭਰਾਵਾਂ ਨੂੰ ਸਬਰ ਤੇ ਹੌਂਸਲਾ ਦੇਵੇ । ਉਸਦੇ ਭੈਣ ਭਰਾ ਤੇ ਉਸ ਦੀ ਸੰਤਾਨ ਉਸ ਦੀਆਂ ਨੇਕੀਆਂ ਨੂੰ ਜਾਰੀ ਰਖੱਣ ਵਾਲੇ ਹੋਣ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ، عِبَادَ اللّٰهِ رحمکم الله اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي
الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔


**Khulasa Khutba Jumma 03.09.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131